# ਪੰਜਾਬੀ ਨਾਟਕ

ਗੁਰਸ਼ਰਨ ਸਿੰਘ

14 ਨਵੰਬਰ ਦੇਸ਼ ਭਗਤ ਹਾਲ ਵਿਚ ਫੇਰ ਸਾਰੀ ਰਾਤ ਦਾ ਨਾਟਕ ਮੇਲਾ ਦੇਸ਼ ਭਗਤ ਬੋਰਡ ਦੇ ਸਭਿਆਚਾਰਕ ਵਿੰਗ ਵਲੋਂ ਆਯੋਜਿਤ ਕੀਤਾ ਗਿਆ। ਉਸੇ ਸ਼ਾਮ ਦੋ ਨੁੱਕੜ ਨਾਟਕ ਗੁਰਚਰਨ ਸਿੰਘ ਚੰਨੀ ਅਤੇ ਮੁੱਲਾਂਪੁਰ ਦੀਆਂ ਟੀਮਾਂ ਵਲੋਂ ਕੀਤੇ ਗਏ। ਰਾਤ ਦੇ ਸਮਾਗਮ ਵਿਚ ਕੇਵਲ ਧਾਲੀਵਾਲ ਦਾ ਨਵਾਂ ਨਾਟਕ 'ਕੁਦੇਸਣ' ਜੋ ਜਤਿੰਦਰ ਸਿੰਘ ਬਰਾੜ ਦਾ ਲਿਖਿਆ ਹੋਇਆ ਹੈ, ਪੇਸ਼ ਕੀਤਾ ਗਿਆ। ਔਰਤ ਦੀ ਤ੍ਰਾਸਦੀ ਬਾਰੇ ਪੇਂਡੂ ਵਾਤਾਵਰਨ ਵਿਚ ਲਿਖਿਆ ਇਹ ਨਾਟਕ ਪ੍ਰਭਾਵਸ਼ਾਲੀ ਸੀ। ਚਾਰ ਹੋਰ ਨਾਟਕਾਂ ਦੇ ਇਲਾਵਾ ਪਵਨਦੀਪ ਦੀ ਨਿਰਦੇਸ਼ਨਾ ਹੇਠ ਤ੍ਰਿਲੋਚਨ ਦਾ ਨਾਟਕ 'ਇੰਸਪੈਕਟਰ ਮਾਤਾ ਦੀਨ ਚੰਨ 'ਤੇ' ਵੀ ਪੇਸ਼ ਹੋਇਆ ਜੋ ਹਰੀ ਸ਼ੰਕਰ ਪਰਸਾਈ ਦੀ ਕਹਾਣੀ 'ਤੇ ਆਧਾਰਤ ਹੈ।

19 ਤੋਂ 24 ਨਵੰਬਰ ਚੰਡੀਗੜ੍ਹ ਦੀ 'ਕਰਿਡ' ਸੰਸਥਾ ਵਲੋਂ ਇਕ 6 ਰੋਜ਼ਾ ਨਾਟਕ ਮੇਲਾ ਕਰਿਡ ਦੇ ਖੁੱਲ੍ਹੇ ਮੈਦਾਨ ਅਤੇ ਖੁੱਲ੍ਹੇ ਥੀਏਟਰ ਵਿਚ ਕੀਤਾ ਗਿਆ। ਪਹਿਲੀਆਂ ਦੋ ਸ਼ਾਮਾਂ ਦਿੱਲੀ ਦੀ ਅਨੇਮਕਾ ਹਕਸਰ ਵਲੋਂ ਕਲਾਸਕੀ ਨਾਟਕ 'ਅੰਤਰ ਯਾਤਰਾ' ਕੀਤਾ ਗਿਆ। ਅਗਲੀਆਂ ਚਾਰ ਸ਼ਾਮਾਂ ਕੇਵਲ ਧਾਲੀਵਾਲ ਵਲੋਂ 'ਕੁਦੇਸਣ', ਲੱਖਾ ਲਹਿਰੀ ਵਲੋਂ ਅਜਮੇਰ ਸਿੰਘ ਔਲਖ ਦਾ ਨਾਟਕ 'ਇਕ ਸੀ ਦਰਿਆ' ਅਤੇ ਚੰਡੀਗੜ੍ਹ ਸਕੂਲ ਆਫ ਡਰਾਮਾ ਵਲੋਂ 'ਸੁਖੀ ਬਸੇ ਮਸਕੀਨੀਆ', 'ਮੁਨਸ਼ੀ ਖਾਨ' ਅਤੇ ਲਘੂ ਨਾਟਕ 'ਰਾਹਤ', 'ਰੱਖੜੀ' ਅਤੇ 'ਇਕ ਸੀ ਚਿੜੀ ਇਕ ਸੀ ਕਾਂ' ਪੇਸ਼ ਕੀਤੇ ਗਏ। ਪੰਜਾਬ ਦੀ ਨਾਟਕ ਕਲਾ ਦਾ ਇਹ ਵੀ ਇਕ ਚੋਣਵਾਂ ਨਾਟਕ ਮੇਲਾ ਸੀ।

27-28 ਦਸੰਬਰ ਟੈਗੋਰ ਥੀਏਟਰ, ਚੰਡੀਗੜ੍ਹ ਵਿਚ ਕੇਵਲ ਧਾਲੀਵਾਲ ਦੀ ਇਕ ਹੋਰ ਸਫਲ ਪੇਸ਼ਕਸ਼ 'ਵਕਤ ਦੇ ਪਰਾਂ 'ਤੇ' ਵੇਖਣ ਨੂੰ ਮਿਲੀ। ਇਹ ਫੀਚਰ ਨਾਟਕ ਪਾਸ਼ ਦੀ ਕਵਿਤਾ ਦਾ ਨਾਟਕੀਕਰਨ ਸੀ। ਪ੍ਰਭਾਵਸ਼ਾਲੀ ਕੰਪੋਜ਼ੀਸ਼ਨਾਂ ਇਸ ਨਾਟਕ ਦੀ ਵਿਸ਼ੇਸ਼ਤਾ ਸਨ। ਹਰਦੀਪ ਗਿੱਲ ਦੇ ਸ਼ਕਤੀਸ਼ਾਲੀ ਕਵਿਤਾ ਉਚਾਰਨ ਅਤੇ ਗਤੀਸ਼ੀਲਤਾ ਨੇ ਉਸ ਨੂੰ ਪੂਰੀ ਤਰ੍ਹਾਂ ਇਕ ਉਤਮ ਅਦਾਕਾਰ ਸਥਾਪਤ ਕੀਤਾ। ਇਸ ਉਤਸਵ 'ਤੇ ਸਾਹਬ ਸਿੰਘ ਦੀ ਨਿਰਦੇਸ਼ਨਾ ਹੇਠ ਨਾਟਕ 'ਬੰਦ ਕਮਰੇ' ਪੇਸ਼ ਕੀਤਾ ਗਿਆ। ਕਲਾਕਾਰਾਂ ਨੇ ਆਪਣੀ ਮਿਹਨਤ ਅਤੇ ਅਦਾਕਾਰੀ ਰਾਹੀਂ ਇਸ ਮੁਸ਼ਕਲ ਨਾਟਕ ਨੂੰ ਪੂਰੀ ਸਫਲਤਾ ਨਾਲ ਪੇਸ਼ ਕੀਤਾ।

ਇਨ੍ਹਾਂ ਮੇਲਿਆਂ 'ਤੇ ਪੇਸ਼ ਕੀਤੇ ਨਾਟਕਾਂ ਤੋਂ ਇਲਾਵਾ ਜਿਹੜੀਆਂ ਹੋਰ ਪੇਸ਼ਕਾਰੀਆਂ ਦਾ ਜ਼ਿਕਰ ਜ਼ਰੂਰੀ ਹੈ, ਉਨ੍ਹਾਂ ਵਿਚ ਹਰਸ਼ਰਨ ਸਿੰਘ ਦਾ 'ਉਦਾਸ ਲੋਕ' ਆਉਂਦਾ ਹੈ ਜੋ ਬਲਵਿੰਦਰ ਬੱਬਾ ਦੀ ਨਿਰਦੇਸ਼ਨਾ ਥੱਲੇ ਚੰਡੀਗੜ੍ਹ ਸਕੂਲ ਆਫ ਡਰਾਮਾ ਵਲੋਂ ਖੇਡਿਆ ਗਿਆ। ਡਾ. ਤਾਰਾ ਸਿੰਘ ਸੰਧੂ ਦਾ ਨਾਟਕ 'ਚੌਰਸ ਕਿੱਲ' ਕੰਵਲਜੀਤ ਢਿੱਲੋਂ ਵਲੋਂ ਬਹੁਤ ਥਾਂ ਬੜੀ ਸਫਲਤਾ ਨਾਲ ਖੇਡਿਆ ਗਿਆ। ਸਰਘੀ ਕਲਾ ਕੇਂਦਰ ਮੋਹਾਲੀ, ਜਿਸ ਨੇ ਪਿਛਲੇ ਸਾਲ ਨਾਟਕ 'ਡੈਣ' ਦੀ ਪੇਸ਼ਕਾਰੀ ਕਰ ਕੇ ਪੰਜਾਬੀ ਨਾਟਕ ਖੇਤਰ ਵਿਚ ਪਰਵੇਸ਼ ਕੀਤਾ ਸੀ, ਇਸ ਸਾਲ ਉਨ੍ਹਾਂ ਨੇ ਸੰਤੋਖ ਸਿੰਘ ਧੀਰ ਦੀ ਕਹਾਣੀ 'ਤੇ ਆਧਾਰਿਤ ਨਾਟਕ 'ਮੇਰਾ ਉਜੜਿਆ ਗੁਆਂਢੀ' ਦੀ ਸਫਲ ਪੇਸ਼ਕਾਰੀ ਕੀਤੀ। ਇਸ ਨਾਟਕ ਦੀ ਸਕਰਿਪਟ ਸੰਜੀਵਨ ਸਿੰਘ ਵਲੋਂ ਤਿਆਰ ਕੀਤੀ ਗਈ ਸੀ ਅਤੇ ਇਹਦੀ ਨਿਰਦੇਸ਼ਨਾ ਕੁਮਾਰ ਪਵਨਦੀਪ ਨੇ ਕੀਤੀ। ਅੰਮ੍ਰਿਤਸਰ ਵਿਚ ਕੇਵਲ ਧਾਲੀਵਾਲ ਵਲੋਂ ਨਾਟਕ 'ਤਰਕਾਲਾਂ' ਪੇਸ਼ ਹੋਇਆ। ਨਾਟਕ ਵਿਚ ਗੁਲਜ਼ਾਰ ਅਤੇ ਅਰਵਿੰਦਰ ਕੌਰ ਨੇ ਆਪਣੀਆਂ ਭੂਮਿਕਾਵਾਂ ਨਾਲ ਅਦਾਕਾਰੀ ਦੇ ਨਵੇਂ ਪੱਧਰ ਸਥਾਪਤ ਕੀਤੇ।

ਸਥਾਪਤ ਰੰਗਕਰਮੀਆਂ ਦੀ ਸ਼ਮੂਲੀਅਤ ਹੋਈ। ਕੁਲਵੰਤ ਭਾਟੀਆ ਨੇ 'ਵੱਡੀ ਭੂਆ' ਨੂੰ ਨਵੇਂ ਅੰਦਾਜ਼ ਨਾਲ ਖੇਡਿਆ, ਟੋਨੀ ਬਾਤਿਸ਼ ਨੇ 'ਨਾਇਕ' ਪੇਸ਼ ਕਰ ਕੇ ਆਪਣੀ ਨਾਟ ਕਲਾ ਦੀ ਸੂਝ ਦਾ ਪ੍ਰਮਾਣ ਦਿੱਤਾ। ਭਾਸ਼ਾ ਵਿਭਾਗ ਦਾ ਇਹ ਕਦਮ ਪੰਜਾਬ ਵਿਚ ਨਾਟਕ ਨੂੰ ਉਤਸ਼ਾਹਤ ਕਰਨ ਲਈ ਬੜਾ ਮਹੱਤਵਪੂਰਨ ਹੈ।

ਨੁੱਕੜ ਨਾਟਕ ਖੇਤਰ ਵਿਚ ਬਹੁਤ ਸਾਰੀਆਂ ਟੀਮਾਂ ਸਰਗਰਮ ਰਹੀਆਂ। ਮੁੱਲਾਂਪੁਰ ਦੀ ਟੀਮ ਵਲੋਂ ਤ੍ਰਿਲੋਚਨ ਦੇ ਲਿਖੇ ਨਾਟਕ 'ਸੇਲ' ਨੇ ਬੜੀ ਮਕਬੂਲੀਅਤ ਲਈ। ਇਸ ਖੇਤਰ ਦਾ ਸਾਰਿਆਂ ਨਾਲੋਂ ਮਹੱਤਤਾ ਰੱਖਣ ਵਾਲਾ ਅਵਸਰ ਗੋਬਿੰਦਗੜ੍ਹ ਵਿਚ ਆਯੋਜਿਤ ਹੋਇਆ ਨੁੱਕੜ ਨਾਟਕ ਮੇਲਾ ਸੀ। ਸੋਹਣ ਧਾਲੀਵਾਲ ਦੇ ਯਤਨਾਂ ਸਦਕਾ ਇਹ ਮੇਲਾ ਸੱਤ ਦਿਨ ਚਲਿਆ ਜਿਸ ਵਿਚ ਚੰਡੀਗੜ੍ਹ, ਮੁੱਲਾਂਪੁਰ, ਖੰਨਾ, ਪਟਿਆਲਾ ਅਤੇ ਗੋਬਿੰਦਗੜ੍ਹ ਦੀਆਂ ਟੀਮਾਂ ਨੇ ਸ਼ਮੂਲੀਅਤ ਕੀਤੀ। ਨੁੱਕੜ ਨਾਟਕ ਦੀ ਇਹ ਵਿਸ਼ੇਸ਼ਤਾ ਕਿ ਉਹ ਸਿੱਧਾ ਸਾਧਾਰਨ ਲੋਕਾਂ ਤਕ ਪੁੱਜਦਾ ਹੈ, ਇਸ ਨਾਟਕ ਮੇਲੇ ਵਿਚ ਪੂਰੀ ਤਰ੍ਹਾਂ ਸਾਬਤ ਹੋਈ। ਲੋਹੇ ਦੇ ਇਸ ਸ਼ਹਿਰ ਵਿਚ ਨਾਟਕ 'ਸੁਨੇਹਾ' ਪੂਰੀ ਤਰ੍ਹਾਂ ਮਜ਼ਦੂਰ ਬਸਤੀਆਂ ਵਿਚ ਉਨ੍ਹਾਂ ਦੇ ਟੱਬਰਾਂ ਤਕ ਪੁੱਜਿਆ। ਪੰਜਾਬ ਸੰਗੀਤ ਨਾਟਕ ਅਕਾਦਮੀ ਨੇ ਇਸ ਨਾਟ ਮੇਲੇ ਨੂੰ ਸਫਲ ਬਨਾਉਣ ਲਈ ਪੂਰਾ ਸਹਿਯੋਗ ਦਿੱਤਾ।

ਬਾਲ ਨਾਟਕ ਖੇਤਰ ਵਿਚ ਇਸ ਸਾਲ ਪੂਰੀ ਸਰਗਰਮੀ ਵੇਖਣ ਵਿਚ ਆਈ। ਚੰਡੀਗੜ੍ਹ ਸਕੂਲ ਆਫ ਡਰਾਮਾ ਵਲੋਂ ਇਕ ਪੰਜਾਬ ਪੱਧਰ ਦੀ ਬਾਲ ਨਾਟਕ ਵਰਕਸ਼ਾਪ ਕੇਵਲ ਧਾਲੀਵਾਲ ਦੀ ਨਿਗਰਾਨੀ ਵਿਚ ਲਗਾਈ ਗਈ। ਉਹਦੀ ਨਿਰਦੇਸ਼ਨਾ ਥੱਲੇ ਤਿੰਨ ਨਾਟਕਾਂ 'ਸੁੰਦਰ ਬਾਗ', 'ਗੋਲੇ ਕਬੂਤਰ' ਅਤੇ 'ਤਿੰਨ ਸੁਆਲ' ਦੀ ਪੇਸ਼ਕਾਰੀ ਵਿਚ ਬਾਲ ਥੀਏਟਰ ਦੀ ਪਛਾਣ ਉਭਰ ਕੇ ਸਾਹਮਣੇ ਆਈ। ਗੁਰਚਰਨ ਸਿੰਘ ਚੰਨੀ ਨੇ ਇਸ ਖੇਤਰ ਵਿਚ ਮਹੱਤਵਪੂਰਨ ਹਿੱਸਾ ਪਾਇਆ। ਉਹਦੇ ਵਲੋਂ ਆਯੋਜਿਤ ਕੀਤੀਆਂ ਵਰਕਸ਼ਾਪਾਂ ਵਿਚ ਦਿੱਲੀ ਦੇ ਖਿਲੌਣਾ ਗਰੁੱਪ ਦੇ ਸੰਚਾਲਕ ਵੀ. ਕੇ. ਸ਼ਰਮਾ ਨੇ ਬੱਚਿਆਂ ਦੀ ਨਾਟਕ ਸਿਖਲਾਈ ਵਿਚ ਇਕ ਸ਼ੈਲੀ ਅਪਣਾਈ ਕਿ ਬੱਚੇ ਆਪਣੇ ਖੇਡਣ ਨਾਲ ਨਾਟਕ ਆਪ ਬਣਾਉਂਦੇ ਹਨ। ਇਹ ਬੜਾ ਸਫਲ ਤਜਰਬਾ ਸੀ ਜਿਸ ਨੇ ਬਾਲ ਥੀਏਟਰ ਲਈ ਨਵੀਆਂ ਸੰਭਾਵਨਾਵਾਂ ਉਤੇ ਰੋਸ਼ਨੀ ਪਾਈ। ਬਾਲ ਥੀਏਟਰ ਦੇ ਵਿਕਾਸ ਲਈ ਹੁਣ ਬਹੁਤ ਸਾਰੇ ਸਕੂਲਾਂ ਵਿਚ ਵੀ ਯਤਨ ਸ਼ੁਰੂ ਹੋ ਗਏ ਹਨ ਜੋ ਇਕ ਬੜਾ ਸ਼ੁਭ ਸ਼ਗਨ ਹੈ।

ਅੰਤ ਵਿਚ ਇਹ ਸਰਵੇਖਣ ਤਾਂ ਹੀ ਪੂਰਾ ਸਮਝਿਆ ਜਾਏਗਾ ਜੇ ਇਸ ਵਿਚ ਪੇਂਡੂ ਖੇਤਰ ਵਿਚ ਹੋ ਰਹੇ ਨਾਟਕਾਂ ਦਾ ਜ਼ਿਕਰ ਕੀਤਾ ਜਾਏ। ਕਿਸੇ ਵੇਲੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੀ ਟੀਮ ਹੀ ਇਸ ਖੇਤਰ ਵਿਚ ਬਹੁਤਾ ਕੰਮ ਕਰਦੀ ਸੀ ਪਰ ਹੁਣ ਪੇਂਡੂ ਥੀਏਟਰ ਪੰਜਾਬ ਵਿਚ ਇਕ ਲਹਿਰ ਬਣ ਗਿਆ ਹੈ। ਇਸ ਦਾ ਜ਼ਿਕਰ ਭਾਰਤ ਦੇ ਨਾਟਕ ਖੇਤਰ ਵਿਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਇਸ ਖੇਤਰ ਵਿਚ ਪਲਸ ਮੰਚ ਨਾਲ ਜੁੜੇ ਰੰਗਕਰਮੀ ਹੰਸਾ ਸਿੰਘ, ਗੁਲਸ਼ਨ ਸ਼ਰਮਾ, ਹਰਕੇਸ਼ ਚੌਧਰੀ, ਸੁਰਿੰਦਰ ਸ਼ਰਮਾ, ਨਛੱਤਰ ਸਿੰਘ, ਬਲਵਿੰਦਰ, ਤਰਲੋਚਨ, ਭੈਣ ਸੁਮਨ, ਬਾਰੂ ਸਿੰਘ ਸੱਗੂ ਆਦਿ ਬਹੁਤ ਵੱਡਾ ਹਿੱਸਾ ਪਾ ਰਹੇ ਹਨ। ਇਕ ਅਨੁਮਾਨ ਅਨੁਸਾਰ ਇਸ ਸਾਲ ਕੋਈ 350 ਪਿੰਡਾਂ ਵਿਚ ਨਾਟਕ ਸਮਾਗਮ ਕੀਤੇ ਗਏ ਜਿਨ੍ਹਾਂ ਵਿਚ ਸੰਗੀਤ ਨਾਟਕ ਅਕਾਦਮੀ ਨੇ 57 ਨਾਟਕ ਸਮਾਗਮ ਕਰਵਾਏ। ਇਨ੍ਹਾਂ ਪੇਂਡੂ ਨਾਟਕਾਂ ਦਾ ਆਪਣਾ ਇਕ ਮੁਹਾਵਰਾ ਹੈ, ਆਪਣੀ ਇਕ ਪਛਾਣ ਹੈ, ਜੋ ਇਨ੍ਹਾਂ ਨੂੰ ਸ਼ਹਿਰ ਦੇ ਨਾਟਕਾਂ ਤੋਂ ਵੱਖ ਕਰਦੇ ਹਨ। ਪੰਜਾਬੀ ਦੇ ਨਾਟਕ ਦੇ ਬਹੁਪੱਖੀ ਵਿਕਾਸ ਵਿਚ ਇਨ੍ਹਾਂ ਪੇਂਡੂ ਨਾਟਕਾਂ ਦਾ ਵਿਸ਼ੇਸ਼ ਯੋਗਦਾਨ ਹੈ।

ਸਮੁੱਚੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਨਾਟਕ ਨੇ ਵਿਕਾਸ ਵਲ ਕਦਮ ਚੁੱਕੇ ਹਨ ਪਰ ਹਾਲੀ ਬਹੁਤ ਕੁਝ ਕਰਨਾ ਬਾਕੀ ਹੈ। ਨਾਟਕ ਦੀ ਤਕਨੀਕ ਦਾ ਵੀ ਵਿਕਾਸ ਕਰਨਾ ਹੈ ਅਤੇ